بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 17.02.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਤੇਰੇ ਮੰਨ੍ਹਣ ਵਾਲਿਆਂ ਨੂੰ ਤੇਰਾ ਇਨਕਾਰ ਕਰਨ ਵਾਲਿਆਂ'ਤੇ ਰੱਬ ਪਰਲੈ ਤੱਕ ਵਿਜੇ ਦੇਵੇਗਾ, ਇਸ ਵਿੱਚ ਸੰਕੇਤ ਹੈ ਕਿ ਅਲੱਾਹ ਤਆਲਾ ਇਕ ਦਿਨ ਮੈਨੂੰ ਪ੍ਰਤੀਬਿੰਬਤ ਰੂਪ ਵਿੱਚ ਨਬੀਆਂ ਦਾ ਨਾਂ ਦੇਣ ਵਾਲਾ ਹੈ। ਕਿਉਂਕਿ ਖ਼ਲੀਫ਼ਾ ਦੀ ਜਮਾਤ ਉਸ ਦੇ ਜੀਵਨ ਤੱਕ ਤੱਕ ਹੁੰਦੀ ਹੈ, ਮੌਤ ਮਗਰੋਂ ਕੇਵਲ ਨਬੀਆਂ ਦੀ ਜਮਾਤ ਜਾਂ ਉਹਨਾਂ ਦੇ ਪ੍ਰਤੀਬਿੰਬਤ ਰੂਪ ਦੀ ਜਮਾਤ ਚਲਦੀ ਹੈ

ਇਸੇ ਪ੍ਰਕਾਰ 'ਕਾਫ਼ਾਰੂ' ਦੇ ਸ਼ਬਦ ਨੇ ਵੀ ਇਸ ਵੱਲ ਸੰਕੇਤ ਕੀਤਾ ਹੈ ਕਿ ਖ਼ਿਲਾਫ਼ਤ ਦੇ ਬਾਦ ਮੈਨੂੰ ਇਕ ਹੋਰ ਰੁਤਬਾ ਮਿਲਣ ਵਾਲਾ ਹੈ ਜੋ ਕੁਝ ਨਬੀਆਂ ਦੇ ਪ੍ਰਤੀਬਿੰਬਤ ਰੂਪ ਵਿੱਚ ਹੋਵੇਗਾ

## ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਦੇ ਇਲਹਾਮ, ਰੋਯਾ ਵ ਕਸ਼ੂਫ਼ ਦੇ ਚਾਨ੍ਹਣੇ ਵਿੱਚ ਹਜ਼ਰਤ ਮੁਸਲਿਹ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਦਾ ਮਹਾਨਤਮ ਅਸਥਾਨ ਤੇ ਮਰਤਬਾ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 17 ਫ਼ਰਵਰੀ 2017 ਈ. ਨੂੰ ਮਸਜਿਦ ਬੈਤੁਲ ਫ਼ਤੂਹ (ਲੰਦਨ) ਵਿੱਚ ਦਿੱਤਾ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ 20 ਫ਼ਰਵਰੀ ਦਾ ਦਿਨ ਜਮਾਤ ਵਿੱਚ ਪੇਸ਼ਗੋਈ ਮੁਸਲਿਹ ਮੌਊਦ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਇਹ ਇਕ ਬਹੁਤ ਹੀ ਮਹਾਨਤਮ ਪੇਸਗ਼ੋਈ ਹੈ ਜਿਸ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਇਕ ਮਹਾਨ ਪੁਤੱਰ ਦੇ ਜਨਮ ਲੈਂਣ ਦੀ ਖ਼ਬਰ ਦਿੱਤੀ ਗਈ ਹੈ, ਜਿਸ ਦੀਆਂ ਅਸੰਖ ਖ਼ੂਬੀਆਂ ਵਰਨਣ ਕੀਤੀਆਂ ਗਈਆਂ। ਜਿਸ ਦੀ ਲੰਮੀ ਉਮਰ ਹੋਣ ਦੀ ਖ਼ਬਰ ਵੀ ਸੀ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਕਾਇਮ ਕੀਤੀ ਜਮਾਤ ਦੀ ਮੁਸਲਿਹ ਮੌਊਦ ਦੇ ਦੌਰ ਵਿੱਚ ਅਸਾਧਾਰਣ ਤਰੱਕੀ ਦੀਆਂ ਵੀ ਭਵਿਖੱਬਾਣੀ ਸੀ। ਜਮਾਤ ਅਹਦੀਆ

ਦਾ ਇਤਿਹਾਸ ਗਵਾਹ ਹੈ ਕਿ ਕਿ ਹਜ਼ਰਤ ਮਿਰਜ਼ਾ ਬਸ਼ੀਰੁੱਦੀਨ ਮਹਮੂਦ ਅਹਮਦ ਮੁਸਲਿਹ ਮੌਊਦ ਦੇ 52 ਸਾਲਾ ਦੌਰੇ ਖ਼ਿਲਾਫ਼ਤ ਵਿੱਚ ਇਸ ਪੇਸ਼ਗੋਈ ਦੇ ਸਾਰੇ ਅੰਗ ਅੰਗ ਪੂਰੇ ਹੋਏ । ਇਕ ਇੰਸਾਫ਼ ਪਸੰਦ ਲਈ ਇਕ ਆਤਮਕ ਪੱਖੋਂ ਦ੍ਰਿਸ਼ਟੀ ਰਖੱਣ ਵਾਲੇ ਲਈ ਇਹੋ ਇਕ ਪੇਸ਼ਗੋਈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸਚੱਾਈ ਲਈ ਬਹੁਤ ਵੱਡਾ ਪ੍ਰਮਾਣ ਹੈ । ਤਿੰਨਾ ਦਿਨਾ ਬਾਦ 20 ਫ਼ਰਵਰੀ ਆਉਣ ਵਾਲੀ ਹੈ । ਅੱਜ ਮੈਂ ਇਸ ਹਵਾਲੇ ਨਾਲ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਦੇ ਆਪਨੇ ਸ਼ਬਦਾਂ ਵਿੱਚ ਵਰਨਣ ਕੀਤੇ ਕੁਝ ਕਥਨ ਪੇਸ਼ ਕਰਾਂਗਾ ਜੋ ਆਤਮਕ ਪੱਖੋਂ ਲਾਭਵੰਤ ਹੋਣ ਲਈ ਆਪ ਦੇ ਵਿਅਕਤੀਤਵ ਵਿੱਚ ਪੇਸ਼ਗੋਈ ਦੇ ਪੂਰੇ ਹੋਣ ਉਪੱਰ ਚਾਨ੍ਹਣਾ ਪਾਉਂਦਾ ਹੈ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੂੰ 1914 ਈ ਵਿੱਚ ਅਲੱਾਹ ਤਆਲਾ ਨੇ ਖ਼ਿਲਾਫ਼ਤ ਦੇ ਮਨਸਬ ਨਾਲ ਨਿਵਾਜਿਆ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਵਿੱਚ ਪੇਸ਼ਗੋਈ ਮੁਸਲਿਹ ਮੌਊਦ ਦੀਆਂ ਸਾਰੀਆਂ ਗੱਲਾਂ ਪੂਰੀਆਂ ਹੁੰਦੀਆਂ ਦਿਖਾਈ ਦਿੰਦੀਆਂ ਸਨ । ਉਸ ਸਮੇਂ ਵੀ ਜਮਾਤ ਦੇ ਵਿਦਵਾਨ ਅਤੇ ਜਮਾਤ ਦੇ ਬਹੁਤੇ ਲੋਕ ਇਹ ਸਮਝਦੇ ਸਨ ਕਿ ਆਪ ਹੀ ਮੁਸਲਿਹ ਮੌਊਦ ਹਨ, ਪਰ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਆਪ ਇਸ ਗੱਲ ਦਾ ਐਲਾਨ ਨਹੀਂ ਕੀਤਾ ਏਥੋਂ ਤੱਕ ਕਿ 1944 ਈ. ਦਾ ਸਾਲ ਆਇਆ । ਆਪ ਨੇ ਆਪਣੀ ਇਕ ਰੋਯਾ (ਸੁਫ਼ਨੇ) ਦੇ ਅਧਾਰ'ਤੇ ਐਲਾਨ ਕੀਤਾ ਕਿ ਮੈਂ ਹੀ ਮੁਸਲਿਹ ਮੌਊਦ ਹਾਂ । ਇਹ ਵੀ ਫ਼ਰਮਾਇਆ ਮੇਰੇ ਸੁਭਾਵ ਦੇ ਪੱਖੋਂ ਇਹ ਮੇਰੇ ਉਪੱਰ ਬਹੁਤ ਵਡੱਾ ਭਾਰ ਹੈ ਕਿ ਇਹ ਐਲਾਨ ਕਰਾਂ । ਜੇਕਰ ਮੈਂ ਮੁਸਲਿਹ ਮੌਊਦ ਹਾਂ ਅਤੇ ਪੇਸ਼ਗੋਈ ਮੇਰੇ ਉਪੱਰ ਪੂਰੀ ਹੋ ਰਹੀ ਹੈ ਤਾਂ ਠੀਕ ਹੈ ਕਿਸੇ ਦਾਵੇ ਕੀ ਲੋੜ ਹੈ । ਲੋਕਾਂ ਨੂੰ ਉਤੱਰ ਦਿੰਦੇ ਹੋਇਆਂ ਇਕ ਵਾਰ ਆਪ ਨੇ ਇਹ ਵੀ ਫ਼ਰਮਾਇਆ ਕਿ ਉਮੱਤੇ ਮੁਸਲਿਮਾ (ਇਸਲਾਮ) ਵਿੱਚ ਮੁਜੱਦਦੀਨ (ਪਹਿਲੇ ਧਰਮ ਦਾ ਪੁਨਰਉਥੱਾਨ ਕਰਨ ਵਾਲੇ) ਦੀ ਜੋ ਸੂਚੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਦਿਖਾਉਣ ਦੇ ਬਾਦ ਪ੍ਰਕਾਸ਼ਤ ਹੋਈ ਹੈ, ਉਹਨਾਂ ਵਿੱਚੋਂ ਕਿੰਨ੍ਹੇ ਹਨ ਜਿੰਨ੍ਹਾਂ ਨੇ ਦਾਵਾ ਕੀਤਾ ਹੋਵੇ । ਸੋ, ਗ਼ੈਰ-ਮਾਮੂਰ (ਗ਼ੈਰ-ਤਾਇਨਾਤ) ਲਈ ਦਾਵਾ ਜ਼ਰੂਰੀ ਨਹੀਂ । ਦਾਵਾ ਤਾਂ ਕੇਵਲ ਮਾਮੂਰੀਨ (ਤਾਇਨਾਤ) ਲਈ ਪੇਸ਼ਗੋਈਆਂ ਵਿੱਚ ਜ਼ਰੂਰੀ ਹੈ । ਗ਼ੈਰ-ਮਾਮੂਰ ਦੇ ਕੇਵਲ ਕੰਮ ਦੇਖਣੇ ਚਾਹੀਦੇ ਹਨ । ਜੇਕਰ ਕੰਮ ਪੂਰਾ ਹੁੰਦਾ ਦਿਖਾਈ ਦੇਵੇ ਤਾਂ ਫਿਰ ਉਸ ਦੇ ਦਾਵੇ ਕੀ ਲੋੜ ਹੈ । ਮਾਮੂਰ ਮੁਜਦੱਦ (ਤਾਇਨਾਤ ਧਰਮ ਦਾ ਪੁਨਰ ਉਥੱਾਨ ਕਰਨ ਵਾਲਾ) ਉਹੋ ਹੋ ਸਕਦਾ ਹੈ ਜੋ ਦਾਵਾ ਕਰੇ ਜਿਵੇਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਕੀਤਾ । ਸੋ, ਮੇਰੇ ਵੱਲੋਂ ਮੁਸਲਿਹ ਮੌਊਦ ਹੋਣ ਦੇ ਦਾਵੇ ਦੀ ਕੋਈ ਲੋੜ ਨਹੀਂ ਅਤੇ ਵਿਰੋਧੀਆਂ ਦੀਆਂ ਅਜਿਹੀਆਂ ਗਲੱਾਂ ਤੋਂ ਵੀ ਘਬਰਾਉਣ ਦੀ ਕੋਈ ਲੋੜ ਨਹੀਂ । ਇਸ ਵਿੱਚ ਕੋਈ ਹੇਠੀ ਦੀ ਗੱਲ ਨਹੀਂ । ਅਸਲ ਸਨਮਾਨ ਉਹੋ ਹੁੰਦਾ ਹੈ ਜੋ ਰੱਬ ਵੱਲੋਂ ਮਿਲਦਾ ਹੈ ਭਾਵੇਂ ਦੁਨੀਆ ਦੀ ਦ੍ਰਿਸ਼ਟੀ ਵਿੱਚ ਮਨੁੱਖ ਹੀਣਾ ਸਮਝਿਆ ਜਾਵੇ । ਜੇਕਰ ਉਹ ਰੱਬ ਦੇ ਮਾਰਗ ਵਿੱਚ ਚੱਲੇ ਤਾਂ ਉਸ ਦੀ ਦਰਗਾਹ ਵਿੱਚ ਉਹ ਅਵਸ਼ ਹੀ ਸਨਮਾਨ ਹਾਸਲ ਕਰੇਗਾ ਅਤੇ ਜੇਕਰ ਕੋਈ ਵਿਅਕਤੀ ਝੂਠ ਤੋਂ ਕੰਮ ਲੈਕੇ ਫਿਰ ਆਪਣੇ ਗਲਤ ਦਾਵੇ ਨੂੰ ਸਾਬਤ ਕਰ ਵੀ ਦੇਵੇ ਅਤੇ ਆਪਣੀ ਚੁਸਤੀ ਜਾਂ ਚਲਾਕੀ ਨਾਲ ਲੋਕਾਂ ਵਿੱਚ ਜਿੱਤ ਵੀ ਹਾਸਲ ਕਰ ਲਏ ਤਾਂ ਰੱਬ ਦੀ ਦਰਗਾਹ ਵਿੱਚ ਉਹ ਸਨਮਾਨ ਹਾਸਲ ਨਹੀਂ ਕਰ ਸਕਦਾ ਅਤੇ ਜਿਸ ਨੂੰ ਰੱਬ ਦੇ ਦਰਬਾਰ ਵਿੱਚ ਸਨਮਾਨ ਨਹੀਂ ਹਾਸਲ ਹੈ ਉਹ ਭਾਵੇਂ ਦਿਖਾਵੇ ਦੇ ਪੱਖੋਂ ਕਿੰਨ੍ਹਾ ਹੀ ਮਾਨਯੋਗ ਕਿਉਂ ਨ ਸਮਝਿਆ ਜਾਵੇ ਉਸ ਨੇ ਕੁਝ ਗਵਾਇਆ ਹੀ ਹੈ ਹਾਸਲ ਨਹੀਂ ਕੀਤਾ ਅਤੇ ਅਖੀਰ ਇਕ ਦਿਨ ਉਹ ਅਪਮਾਨਤ ਹੋਕੇ ਰਹੇਗਾ । ਸੋ, ਧਾਰਮਕ ਤੇ ਸੰਸਾਰਕ ਕੰਮਾ ਵਿੱਚ ਹਮੇਸ਼ਾ ਸਚੱ ਨੂੰ ਅਪਣਾਓ । ਜੋ ਰੱਬ ਲਈ ਹਾਣ ਝਲੱਦਾ ਹੈ ਉਹ ਵਾਸਤਵ ਵਿੱਚ ਲਾਭ ਵਿੱਚ ਰਹਿੰਦਾ ਹੈ । ਸੋ, ਇਕ ਅਸੂਲੀ ਗਲ ਵੀ ਆਪ ਨੇ ਇਸ ਬਾਰੇ ਵਰਨਣ ਕਰ ਦਿੱਤੀ ਕਿ ਜਿਸ ਸਚੱਾਈ ਨਾਲ ਰੱਬ ਹੈ, ਜਿਸ ਨੂੰ ਰੱਬ ਸਚੱਾ ਸਮਝਦਾ ਹੈ ਉਹ ਰੱਬ ਦੀ ਕਰਮ ਰੂਪੀ ਗਵਾਹੀ ਨਾਲ ਵੀ ਪ੍ਰਕਟ ਹੋ ਜਾਂਦੀ ਹੈ । ਜ਼ਰੂਰੀ ਨਹੀਂ ਹੈ ਕਿ ਉਸ ਲਈ ਦਾਵਾ ਜਾਂ ਐਲਾਨ ਕੀਤਾ ਜਾਵੇ

। ਹਾਂ, ਜੇਕਰ ਰੱਬ ਚਾਹੇ ਕਿ ਐਲਾਨ ਹੋਵੇ ਤਾਂ ਇਸ ਦਾ ਐਲਾਨ ਵੀ ਹੋ ਜਾਂਦਾ ਹੈ । ਸੋ, ਜੇਕਰ ਕਿਸੇ ਨੂੰ ਪਰਖਣਾ ਹੈ ਕਿ ਉਹ ਰੱਬ ਦੀ ਇਛੱਾ ਅਨੁਸਾਰ ਕੰਮ ਕਰ ਰਿਹਾ ਹੈ ਜਾਂ ਰੱਬ ਵੱਲੋਂ ਹੈ ਤਾਂ ਫਿਰ ਉਸ ਨੂੰ ਰੱਬ ਦੀ ਤਾਈਦ ਦੇ ਹਵਾਲੇ ਨਾਲ ਪਰਖਣਾ ਚਾਹੀਦਾ ਹੈ । ਸੋ, ਜੱਦ ਰੱਬ ਨੇ ਆਪ ਨੂੰ ਕਿਹਾ ਕਿ ਦਾਵਾ ਕਰੋ ਤਾਂ ਫਿਰ ਆਪ ਰਜ਼ੀ ਅਲੱਾਹ ਅਨਹੁ ਨੇ ਦਾਵਾ ਵੀ ਕਰ ਦਿਤੱਾ ਕਿ ਮੈਂ ਹੀ ਪੇਸ਼ਗੋਈ ਮੁਸਲਿਹ ਮੌਊਦ ਦਾ ਮਿਸਦਾਕ (ਭਾਵਅਰਥ) ਹਾਂ । ਇਸ ਐਲਾਨ ਨਾਲ ਜਿੱਥੇ ਜਮਾਤ ਦੇ ਲੋਕ ਖ਼ੁਸ਼ ਸਨ ਓਥੇ ਵਿਰੋਧੀਆਂ ਨੇ ਇਤਰਾਜ਼ ਕਰਨੇ ਵੀ ਅਰੰਭ ਕਰ ਦਿੱਤੇ ।

ਸੋ, 1945 ਈ. ਦੇ ਸਾਲਾਨਾ ਜਲਸੇ ਦੀ 27 ਮਿਤੀ ਦੇ ਭਾਸ਼ਣ ਵਿੱਚ ਆਪ ਰਜ਼ੀ ਅਲੱਾਹ ਅਨਹੁ ਮੌਲਵੀ ਮੁਹਮੱਦ ਅਲੀ ਸਾਹਬ ਦੇ ਬਿਆਨ ਦੇ ਹਵਾਲੇ ਨਾਲ ਫ਼ਰਮਾਉਂਦੇ ਹਨ ਕਿ ਜੱਦ ਤੋਂ ਮੈਂ ਮੁਸਲਿਹ ਮੌਊਦ ਹੋਣ ਦਾ ਐਲਾਨ ਕੀਤਾ ਹੈ ਮੌਲਵੀ ਮੁਹਮੱਦ ਅਲੀ ਸਾਹਬ ਨੇ ਉਹੋ ਜਿਹੇ ਹੀ ਇਤਰਾਜ਼ ਕਰਨੇ ਸ਼ੁਰੂ ਕਰ ਦਿੱਤੇ ਹਨ ਜਿਵੇਂ ਕਿ ਮੌਲਵੀ ਸਨਾਉਲੱਾਹ ਸਾਹਬ ਕੀਤਾ ਕਰਦੇ ਸਨ । ਮੈਂ ਸੁਫ਼ਨਾ ਜਾਂ ਇਲਹਾਮ ਸੁਣਾਉਂਦਾ ਹਾਂ ਅਤੇ ਰੱਬ ਵੱਲੋਂ ਅਲਾਮਤਾਂ ਪ੍ਰਕਟ ਹੋਣ ਕਰਕੇ ਐਲਾਨ ਕਰਦਾ ਹਾਂ, ਪਰ ਮੌਲਵੀ ਸਾਹਬ ਨ ਤਾਂ ਮੁਕਾਬਲੇ'ਤੇ ਕੋਈ ਸੁਫ਼ਨਾ ਜਾਂ ਇਲਹਾਮ ਪੇਸ਼ ਕਰਦੇ ਹਨ ਅਤੇ ਨ ਹੀ ਉਹ ਪੇਸ਼ ਕਰ ਸਕਦੇ ਹਨ । ਸੋ, ਜੱਦ ਇਲਹਾਮ ਹੋਇਆ ਹੀ ਨਹੀਂ ਤਾਂ ਇਲਹਾਮ ਪੇਸ਼ ਕਿਵੇਂ ਕਰਨ । ਹੁਣ ਸਿਵਾਏ ਇਤਰਾਜ਼ਾਂ ਦੇ ਹੋਰ ਕੁਝ ਉਹਨਾਂ ਕੋਲ ਹੈ ਹੀ ਨਹੀਂ । ਜੇਕਰ ਉਹ ਇਤਰਾਜ਼ ਵੀ ਨ ਕਰਨ ਤਾਂ ਮੁਕਾਬਲਾ ਕਿਵੇਂ ਕਰਨ । ਹਜ਼ਰਤ ਇਬਰਾਹੀਮ, ਹਜ਼ਰਤ ਮੂਸਾ, ਹਜ਼ਰਤ ਈਸਾ ਦੇ ਦੁਸ਼ਮਣ ਇਸ ਗੱਲ ਦਾ ਤਾਂ ਇਨਕਾਰ ਨਹੀਂ ਕਰ ਸਕਦੇ ਸਨ ਕਿ ਇਲਹਾਮ ਹੁੰਦਾ ਹੀ ਨਹੀਂ, ਕਿਉਂਕਿ ਉਹਨਾਂ ਤੋਂ ਪਹਿਲਾਂ ਨਬੀਆਂ ਨੂੰ ਇਲਹਾਮ ਹੋਇਆ ਕਰਦਾ ਸੀ ਅਤੇ ਉਹ ਇਸ ਗੱਲ ਦੇ ਸਮਰਥਕ ਸਨ । ਇਸ ਲਈ ਇਹਨਾਂ ਨਬੀਆਂ ਦਾ ਇਨਕਾਰ ਕਰਨ ਵਾਲੇ ਇਸ ਗੱਲ ਦਾ ਇਨਕਾਰ ਨਹੀਂ ਕਰ ਸਕਦੇ ਸਨ ਕਿ ਇਲਹਾਮ ਕੋਈ ਚੀਜ਼ ਨਹੀਂ ਹੈ । ਆਪਣੀ ਗੱਲ ਨੂੰ ਠੀਕ ਸਾਬਤ ਕਰਨ ਲਈ ਅਤੇ ਨਬੀਆਂ ਦਾ ਮੁਕਾਬਲਾ ਕਰਨ ਲਈ ਇਹ ਕਹਿੰਦੇ ਸਨ ਕਿ ਇਹਨਾ ਦੇ ਇਲਹਾਮ ਆਪ ਬਣਾਏ ਹੋਏ ਹਨ । ਇਸੇ ਪ੍ਰਕਾਰ ਅੱਜ ਮੌਲਵੀ ਮੁਹਮੱਦ ਅਲੀ ਸਾਹਬ ਇਹ ਕਹਿੰਦੇ ਹਨ ਕਿ ਮੇਰੇ ਇਲਹਾਮ ਝੂਠੇ ਹਨ । ਪਰ ਕਿਉਂ ਰੱਬ ਉਹਨਾਂ ਨੂੰ ਮੇਰੇ ਮੁਕਾਬਲੇ'ਤੇ ਸੱਚੇ ਇਲਹਾਮ ਨਹੀਂ ਕਰ ਦਿੰਦਾ ਤਾਂ ਦੁਨੀਆ ਲਈ ਸਪਸ਼ਟ ਹੋ ਜਾਵੇ ਕਿ ਮੌਲਵੀ ਸਾਹਬ ਸਚੱਾਈ ਉਪੱਰ ਹਨ ਅਤੇ ਮੈਂ ਸਚੱਾਈ'ਤੇ ਨਹੀਂ ਹਾਂ । ਆਪ ਫ਼ਰਮਾਉਂਦੇ ਹਨ ਕਿ ਹੈਰਾਨੀ ਦੀ ਗੱਲ ਹੈ ਕਿ ਇਕ ਵਿਅਕਤੀ ਦਿਨ ਰਾਤ ਰੱਬ ਦੀ ਮਖ਼ਲੂਕ ਨੂੰ ਗੁਮਰਾਹ ਕਰੇ ਅਤੇ ਦਿਨ ਰਾਤ ਉਸ ਦੇ ਬੰਦਿਆਂ ਨੂੰ ਧੋਖੇ ਤੇ ਦਗ਼ਾਬਾਜ਼ੀ ਨਾਲ ਪੁੱਠੇ ਮਾਰਗਾਂ ਵੱਲ ਲੈ ਜਾਵੇ ਪਰ ਫਿਰ ਵੀ ਰੱਬ ਨੂੰ ਗ਼ੈਰਤ ਨ ਆਵੇ । ਜੇਕਰ ਰੱਬ ਨੂੰ ਗ਼ੈਰਤ ਨਹੀਂ ਆਉਂਦੀ ਤਾਂ ਇਸ ਦਾ ਕਾਰਣ ਸਿਵਾਏ ਇਸ ਦੇ ਨਿਸ਼ਚੇ ਹੀ ਹੋਰ ਕੋਈ ਨਹੀਂ ਕਿ ਰੱਬ ਇਹ ਜਾਣਦਾ ਹੈ ਕਿ ਮੌਲਵੀ ਸਾਹਬ ਉਸ ਦੀ ਨੇੜਤਾ ਤੋਂ ਬਹੁਤ ਦੂਰ ਹਨ ਇਸ ਲਈ ਰੱਬ ਨੇ ਉਹਨਾਂ ਨੂੰ ਕੋਈ ਇਲਹਾਮ ਨਹੀਂ ਕੀਤਾ । ਸੋ ਸਚੱਰਾਈ ਦੇ ਮੁਕਾਬਲੇ'ਤੇ ਅਰੰਭ ਤੋਂ ਇਨਕਾਰ ਹੁੰਦਾ ਰਿਹਾ ਹੈ ।

ਹੁਣ ਮੈਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਦੇ ਕੁਝ ਇਲਹਾਮ ਵ ਕਸ਼ੂਫ਼ ਵ ਰੋਯਾ ਦਾ ਵਰਨਣ ਕਰਦਾ ਹਾਂ ਜੋ ਆਪ ਰਜ਼ੀ ਅਲੱਾਹ ਅਨਹੁ ਨੇ ਆਪਣੇ ਮੁਸਲਿਹ ਮੌਊਦ ਹੋਣ ਦੇ ਐਲਾਨ ਦੇ ਮੌਕੇ ਉਪੱਰ ਵਰਨਣ ਕੀਤੇ ਸਨ । ਆਪ ਫ਼ਰਮਾਉਂਦੇ ਹਨ ਕਿ :

ਸਭ ਤੋਂ ਪਹਿਲੀ ਚੀਜ਼ ਜੋ ਇਸ ਮਨਸਬ (ਮਰਤਬੇ) ਵੱਲ ਸੰਕੇਤ ਕਰਦੀ ਹੈ ਉਹ ਮੇਰਾ ਇਕ ਇਲਹਾਮ ਹੈ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਜੀਵਨ ਕਾਲ ਵਿੱਚ ਮੈਨੂੰ ਹੋਇਆ ਸੀ ਅਤੇ ਮੈਂ ਜਾਕੇ ਹਜ਼ਰਤ ਮਸੀਹ ਮੌਊਦ

ਅਲੈਹਿ ਸਲਾਮ ਨੂੰ ਦੱਸ ਦਿੱਤੀ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਸ ਨੂੰ ਆਪਣੀ ਇਲਹਾਮਾ ਵਾਲੀ ਕਾਪੀ ਵਿੱਚ ਲਿੱਖ ਲਿਆ । ਪਹਿਲਾਂ ਮੈਂ ਇਸ ਨੂੰ ਖ਼ਿਲਾਫ਼ਤ ਬਾਰੇ ਸਮਝਦਾ ਸੀ ਪਰ ਹੁਣ ਮੇਰੀ ਸੋਚ ਇਸ ਵੱਲ ਪਰਤੀ ਹੈ ਕਿ ਇਸ ਇਲਹਾਮ ਵਿੱਚ ਮੇਰੇ ਇਸ ਮਨਸਬ (ਮਰਤਬੇ) ਵੱਲ ਸੰਕੇਤ ਸੀ ਜੋ ਰੱਬ ਵੱਲੋਂ ਮੈਂਨੂੰ ਮਿਲਣ ਵਾਲਾ ਸੀ । ਉਹ ਇਲਹਾਮ ਇਹ ਸੀ ਕਿ ( اِنَّ الَّذِیْنَ اتَّبَعُوْكَ فَوْقَ الَّذِیْنَ كَفَرُوْٓا اِلٰی یَوْمِ الْقِیَامَةِ ) 'ਇਨੱਲੱਜ਼ੀ ਨਤੱਬਾਊਕਾ ਫ਼ੌਕਲ ਲਜ਼ੀਨਾ ਕਾਫ਼ਾਰੂ ਇਲਾ ਯੌਮਿਲ ਕਿਯਾਮਾਤਿ' । ਨਿਸਚੇ ਹੀ ਅਲੱਾਹ ਤਆਲਾ ਤੇਰੇ ਮੰਨ੍ਹਣ ਵਾਲਿਆਂ ਨੂੰ ਤੇਰਾ ਇਨਕਾਰ ਕਰਨ ਵਾਲਿਆਂ'ਤੇ ਕਿਯਾਮਤ ਤੱਕ ਗ਼ਾਲਬ ਰੱਖੇਗਾ । ਇਸ ਵਿੱਚ ਇਕ ਸੂਖਮ ਸੰਕੇਤ ਹੈ ਜੋ ਪੇਸ਼ਗੋਈ ਦੇ ਪੂਰਾ ਹੋਣ ਦੀ ਤਰਤੀਬ (ਲੜੀਵਾਰਤਾ) ਨੂੰ ਦਰਸ਼ਾਉਂਦਾ ਹੈ ਅਤੇ ਉਹ ਇਹ ਕਿ ਇਹ ਉਹ ਇਲਹਾਮ ਹੈ ਜੋ ਹਜ਼ਰਤ ਮਸੀਹ ਨਾਸਰੀ (ਹਜ਼ਰਤ ਈਸਾ ਅਲੈਹਿ ਸਲਾਮ) ਨੂੰ ਹੋਇਆ ਜਿਸ ਦਾ ਕੁਰਆਨ ਕਰੀਮ ਵਿੱਚ ਵੀ ਵਰਨਣ ਹੈ ਪਰ ਓਥੇ ਇਹ ਸ਼ਬਦ ਹਨ । ( وَجَاعِلُ الَّذِیْنَ اتَّبَعُوْكَ فَوْقَ الَّذِیْنَ كَفَرُوْٓا اِلٰی یَوْمِ الْقِیٰمَةِ ) 'ਵ ਜਾਇਲੁਲੱਜ਼ੀ ਨਤੱਬਾਊਕਾ ਫ਼ੌਕਲੱਜ਼ੀਨਾ ਕਾਫ਼ਾਰੂ ਇਲਾ ਯੌਮਿਲ ਕਿਯਾਮਾਤਿ' ਅਤੇ ਏਥੇ ਇਹ ਇਲਹਾਮ ਹੈ ਕਿ ( اِنَّ الَّذِیْنَ اتَّبَعُوْكَ فَوْقَ الَّذِیْنَ كَفَرُوْٓا اِلٰی یَوْمِ الْقِیَامَةِ ) 'ਇਨੱਲੱਜ਼ੀ ਨਤੱਬਾਊਕਾ ਫ਼ੌਕਲੱਜ਼ੀਨਾ ਕਾਫ਼ਾਰੂ ਇਲਾ ਯੌਮਿਲ ਕਿਯਾਮਾਤਿ' ਇਸ ਦਾ ਸਬਬ ਇਹ ਹੈ ਕਿ ਹਜ਼ਰਤ ਮਸੀਹ ਨਾਸਰੀ ਦਾ ਦਾਵਾ ਮੂਸਵੀ ਸਿਲਸਿਲੇ ਦੀ ਅਖ਼ੀਰੀ ਨਬੁਵੱਤ ਸੀ । ਅਤੇ ਇਸ ਪ੍ਰਕਾਰ ਦੇ ਦਾਵੇ ਬਾਰੇ ਪਹਿਲਾਂ ਲੋਕਾਂ ਦੀ ਵਿਰੋਧਤਾ ਜ਼ਰੂਰੀ ਹੁੰਦੀ ਹੈ । ਫਿਰ ਇਕ ਲੰਮੇ ਸਮੇਂ ਮਗਰੋਂ ਉਹ ਉਸ ਨਬੀ ਉਪੱਰ ਇਮਾਨ ਲਿਆਉਂਦੇ ਹਨ ਪਰ ਮੁਸਲਿਹ ਮੌਊਦ ਦੀ ਪੇਸ਼ਗੋਈ ਦੇ ਭਾਵਅਰਥੀ ਨੂੰ ਕਿਉਂਕਿ ਰੱਬ ਪਹਿਲਾਂ ਖ਼ਲੀਫ਼ਾ ਬਨਾਉਂਣਾ ਚਾਹੁੰਦਾ ਸੀ ਅਤੇ ਖ਼ਲੀਫ਼ਾ ਨੂੰ ਛੇਤੀ ਹੀ ਬਣੀ ਬਣਾਈ ਜਮਾਤ ਮਿਲ ਜਾਂਦੀ ਹੈ, ਇਸ ਲਈ ਏਥੇ ( وَجَاعِلُ الَّذِیْنَ ) ਜਾਇਲੁਲੱਜ਼ੀਨਾ ਵਾਲੇ ਭਾਗ ਦੀ ਲੋੜ ਨਹੀਂ ਸੀ । ਇਸ ਲਈ ਏਥੇ ( اِنَّ الَّذِیْنَ اتَّبَعُوْكَ فَوْقَ الَّذِیْنَ كَفَرُوْٓا اِلٰی یَوْمِ الْقِیَامَةِ ) 'ਇਨੱਲੱਜ਼ੀ ਨਤੱਬਾਊਕਾ ਫ਼ੌਕਲੱਜ਼ੀਨਾ ਕਾਫ਼ਾਰੂ ਇਲਾ ਯੌਮਿਲ ਕਿਯਾਮਾਤਿ' ਫ਼ਰਮਾ ਕੇ ਅਲੱਾਹ ਤਆਲਾ ਨੇ ਇਸ ਵੱਲ ਸੰਕੇਤ ਕੀਤਾ ਸੀ ਕਿ ਅਲੱਾਹ ਤਆਲਾ ਤੁਹਾਨੂੰ ਇਕ ਦਿਨ ਬਣੀ ਬਣਾਈ ਜਮਾਤ ਦੇ ਦੇਵੇਗਾ ਅਤੇ ਫਿਰ ਇਸ ਜਮਾਤ ਦਾ ਸੰਬੰਧ ਤੁਹਾਡੇ ਨਾਲ ਪਕੱਾ ਕਰਦਾ ਜਾਵੇਗਾ ਏਥੋਂ ਤੱਕ ਕਿ ਇਕ ਦਿਨ ਉਹ ਤੁਹਾਡੀ ਜਮਾਤ ਪ੍ਰਤੀਬਿੰਬਤ ਰੂਪ ਅਖਵਾਏਗੀ ਅਤੇ ਕੁਝ ਲੋਕ ਤੇਰੇ ਵਿਰੋਧੀ ਵੀ ਹੋਣਗੇ ਪਰ ਤੇਰੀ ਬੈਅਤ ਕਰਨ ਵਾਲਿਆਂ ਨੂੰ ਰੱਬ ਕਿਯਾਮਤ ਤੱਕ ਤੁਹਾਡੇ ਇਨਕਾਰ ਕਰਨ ਵਾਲਿਆਂ'ਤੇ ਜਿੱਤ ਦੇਵੇਗਾ ਅਤੇ ਇਹ ਜਿੱਤ ਤੁਹਾਡੇ ਇਮਾਮ ਬਣਦਿਆਂ ਹੀ ਸ਼ੁਰੂ ਜਾਵੇਗੀ । ਅਰਥਾਤ ਜਿਸ ਦਿਨ ਇਹ ਜਮਾਤ ਤੇਰੇ ਸੁਪੁਰਦ ਹੋਵੇਗੀ ਉਸੇ ਦਿਨ ਤੋਂ ਤੇਰੇ ਮਨ੍ਹੰਣ ਵਾਲਿਆਂ ਦਾ ਤੇਰੇ ਵਿਰੋਧੀਆਂ ਉਪੱਰ ਗ਼ਲਬਾ ਸ਼ੁਰੂ ਹੋ ਜਾਵੇਗਾ । ਸੋ, ਦੇਖ ਲਓ ਅਜਿਹਾ ਹੀ ਹੋਇਯਾ । ਹਜ਼ਰਤ ਮਸੀਹ ਨਾਸਰੀ ਅਲੈਹਿ ਸਲਾਮ ਦੀ ਜਮਾਤ ਨੂੰ ਤਾਂ ਤਿੰਨ ਸੌ ਸਾਲ ਦੇ ਬਾਦ ਗ਼ਲਬਾ ਹਾਸਲ ਹੋਇਆ ਪਰ ਏਥੇ ਅਲੱਾਹ ਤਆਲਾ ਨੇ ਜਿਸ ਸਮੇਂ ਖ਼ਿਲਾਫ਼ਤ ਦੇ ਮੁਕਾਮ ਉਪੱਰ ਮੈਂਨੂੰ ਖੜਾ ਕੀਤਾ ਉਸ ਦੇ ਕੁਝ ਹਫ਼ਤਿਆਂ ਅੰਦਰ ਹੀ ਉਹ ਲੋਕ ਜੋ ਮੇਰੇ ਮੁਕਾਬਲੇ'ਤੇ ਖੜੇ ਹੋਏ ਸਨ ਅਤੇ ਮੇਰੇ ਉਹਦੇ ਦੇ ਇਨਕਾਰੀ ਸਨ ਅਰਥਾਤ ਪੈਗ਼ਾਮੀ, ਅਲੱਾਹ ਤਆਲਾ ਨੇ ਉਹਨਾਂ'ਤੇ ਮੈਂਨੂੰ ਅਤੇ ਮੇਰੇ ਸਾਥੀਆਂ ਨੂੰ ਗ਼ਲਬਾ ਪ੍ਰਦਾਨ ਕਰਨਾ ਸ਼ੁਰੂ ਕਰ ਦਿੱਤਾ ਅਤੇ ਜਿੱਤ ਰੱਬ ਦੀ ਮਿਹਰ ਨਾਲ ਦਿਨ ਪ੍ਰਤੀਦਿਨ ਵਧੱਦੀ ਚਲੀ ਜਾ ਰਹੀ ਹੈ । ਪੈਗ਼ਾਮੀ ਅੱਜ ਕਹਿ ਰਹੇ ਹਨ ਕਿ ਇਕ ਸੁਫ਼ਨੇ'ਤੇ ਅਧਾਰ ਕੀਤਾ ਗਿਆ । ਆਪ ਫ਼ਰਮਾਉਂਦੇ ਹਨ ਕਿ ਜੱਦ ਕਿ ਉਹ ਵੀ ਸੁਫਨਾ ਨਹੀਂ ਕਿਉਂਕਿ ਉਸ ਵਿੱਚ ਸ਼ਬਦ ਹਨ, ਪਰ ਇਹ ਇਲਹਾਮ ਜੋ ਮੈਂ ਉਪੱਰ ਲਿੱਖਿਆ ਹੈ ਅਤੇ ਚਾਲ੍ਹੀ ਸਾਲ ਪੁਰਾਣਾ ਹੈ । ਰੱਬ ਨੇ ਖ਼ਬਰ ਦਿੱਤੀ ਕਿ ਮੈਂ ਇਕ

ਜਮਾਤ ਦਾ ਇਮਾਮ ਹੋਵਾਂਗਾ ਕੁਝ ਭਾਗ ਮੇਰੀ ਵਿਰੋਧਤਾ ਕਰੇਗਾ ਬਹੁਤੇ ਮੇਰੇ ਨਾਲ ਰਲ ਜਾਣਗੇ ਅਤੇ ਉਹਨਾਂ ਨੂੰ ਰੱਬ ਕਿਯਾਮਤ ਤੱਕ ਦੂਜਿਆਂ ਉਪੱਰ ਗ਼ਲਬਾ ਪ੍ਰਦਾਨ ਕਰੇਗਾ ਜੋ ਖ਼ਿਲਾਫ਼ਤ ਦੇ ਨਾਲ ਸਲੰਗਤ ਰਹਿਣਗੇ । ਇਹ ਜੋ ਫ਼ਰਮਾਇਆ ਕਿ ਤੇਰੇ ਮਨੰਣ ਵਾਲਿਆਂ ਨੂੰ ਤੇਰਾ ਇਨਕਾਰ ਕਰਨ ਵਾਲਿਆਂ'ਤੇ ਰੱਬ ਕਿਯਾਮਤ ਤੱਕ ਗ਼ਲਾਬਾ ਪ੍ਰਦਾਨ ਕਰੇਗਾ ਇਸ ਵਿੱਚ ਇਸੇ ਵੱਲ ਸੰਕੇਤ ਹੈ ਕਿ ਰੱਬ ਮੈਂਨੂੰ ਇਕ ਦਿਨ ਪ੍ਰਤੀਬਿੰਬਤ ਰੂਪ ਵਿੱਚ ਨਬੀਆਂ ਦਾ ਅਰਥਾਤ ਮਸੀਹ ਨਾਸਰੀ ਤੇ ਮਸੀਹ ਮੁਹਮੱਦੀ ਦਾ ਨਾਂ ਦੇਣ ਵਾਲਾ ਹੈ ਕਿਉਂਕਿ ਖ਼ਲੀਫ਼ਾ ਦੀ ਜਮਾਤ ਉਸ ਦੇ ਜੀਵਨ ਤੱਕ ਹੁੰਦੀ ਹੈ । ਮੌਤ ਦੇ ਬਾਦ ਕੇਵਲ ਨਬੀਆਂ ਦੀ ਜਮਾਤ ਜਾਂ ਉਹਨਾਂ ਦੇ ਪ੍ਰਤੀਬਿੰਬਤ ਦੀ ਜਮਾਤ ਚਲਦੀ ਹੈ । ਇਸੇ ਪ੍ਰਕਾਰ ਕਾਫ਼ਾਰੂ ਦੇ ਸ਼ਬਦ ਨੇ ਵੀ ਇਸ ਵੱਲ ਸੰਕੇਤ ਕੀਤਾ ਹੈ ਕਿ ਖ਼ਿਲਾਫ਼ਤ ਦੇ ਬਾਦ ਮੈਂਨੂੰ ਇਕ ਹੋਰ ਰੁਤਬਾ ਮਿਲਣ ਵਾਲਾ ਹੈ । ਜੋ ਨਬੀਆਂ ਦੇ ਪ੍ਰਤੀਬਿੰਬਤ ਰੂਪ ਵਿੱਚ ਹੋਵੇਗਾ । ( سُبۡحَانَ اللّٰہِ لَا یُسۡـَٔلُ عَمَّا یَفۡعَلُ ) 'ਸੁਬਹਾਨਲੱਾਹਿ ਲਾ ਯੁਸਆਲੁ ਅਮੱਾ ਯਫ਼ਆਲੁ' ।

ਫ਼ਿਰ ਆਪ ਫ਼ਰਮਾਉਂਦੇ ਹਨ ਕਿ ਦੂਜਾ ਮੈਂਨੂੰ ਕਸ਼ਫ਼ ਹੋਇਆ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਜੀਵਨ ਵਿੱਚ ਹੀ ਮੈਂ ਦੇਖਿਆ ਸੀ, ਉਹ ਵੀ ਇਸੇ ਮੁਕਾਮ ਦੀ ਦਲੀਲ ਦਿੰਦਾ ਹੈ । ਮੈਂ ਦੇਖਿਆ ਕਿ ਮੈਂ ਕਮਰੇ ਵਿੱਚੋਂ ਨਿਕਲ ਰਿਹਾ ਹਾਂ ਜਿਸ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰਹਿੰਦੇ ਸਨ ਅਤੇ ਬਾਹਰ ਵਿਹੜੇ ਵਿੱਚ ਆਇਆ ਹਾਂ ਤਾਂ ਓਥੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਵੀ ਹਨ । ਉਸ ਸਮੇਂ ਕੋਈ ਵਿਅਕਤੀ ਇਹ ਕਹਿ ਕੇ ਮੈਂਨੂੰ ਇਕ ਪਾਰਸਲ ਦੇ ਗਿਆ ਹੈ ਕਿ ਇਹ ਕੁਝ ਤੁਹਾਡੇ ਲਈ ਹੈ ਅਤੇ ਕੁਝ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਲਈ ਹੈ । ਕਸ਼ਫ਼ ਦੀ ਅਵਸਥਾ ਵਿੱਚ ਜੱਦ ਮੈਂ ਇਸ ਪਾਰਸਲ'ਤੇ ਲਿੱਖਿਆ ਹੋਇਆ ਪਤਾ ਦੇਖਦਾ ਹਾਂ ਤਾਂ ਓਥੇ ਮੈਂਨੂੰ ਦੋ ਨਾਂ ਦਿਖਾਈ ਦਿੰਦੇ ਹਨ ਅਤੇ ਪਤਾ ਇਸ ਪ੍ਰਕਾਰ ਦਰਜ ਹੈ ਕਿ ਮਹੀਉੱਦੀਨ ਅਤੇ ਮੁਈਨੁੱਦੀਨ ਨੂੰ ਮਿਲੇ । ਆਪ ਫ਼ਰਮਾਉਂਦੇ ਹਨ ਕਿ ਮੈਂ ਕਸ਼ਫ਼ ਵਿੱਚ ਸਮਝਦਾ ਹਾਂ ਕਿ ਇਹਨਾਂ ਵਿੱਚੋਂ ਇਕ ਨਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਹੈ ਅਤੇ ਦੂਜਾ ਨਾਂ ਮੇਰਾ ਹੈ । ਉਸ ਸਮੇਂ ਮੈਂ ਕਿਉਂਕਿ ਬਚੱਾ ਸੀ ਅਤੇ ਹਜ਼ਰਤ ਮੁਹੀਉੱਦੀਨ ਸਾਹਬ ਇਬਨੇ ਅਰਬੀ ਦਾ ਨਾਂ ਮੈਂ ਸੁਣਿਆ ਨਹੀਂ ਸੀ ਕੇਵਲ ਔਰੰਗਜ਼ੇਬ ਬਾਰੇ ਮੈਂ ਜਾਣਦਾ ਸੀ ਕਿ ਉਹਨਾ ਦਾ ਨਾਂ ਮਹੀਉੱਦੀਨ ਸੀ । ਇਸ ਲਈ ਮੈਂ ਉਸ ਸਮੇਂ ਸਮਝਿਆ ਕਿ ਮੁਹੀਉੱਦੀਨ ਤੋਂ ਭਾਵ ਮੈਂ ਹਾਂ ਅਤੇ ਹਜ਼ਰਤ ਮੁਈਨੁੱਦੀਨ ਚਿਸ਼ਤੀ ਕਿਉਂਕਿ ਭਾਰਤ ਵਿੱਚ ਇਕ ਪ੍ਰਸਿੱਧ ਬਜ਼ੁਰਗ ਲੰਘੇ ਹਨ ਇਸ ਲਈ ਮੈਂ ਸਮਝਿਆ ਕਿ ਮੁਈਨੁੱਦੀਨ ਤੋਂ ਭਾਵ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਹਨ, ਪਰ ਬਾਦ ਵਿੱਚ ਮੈਂਨੂੰ ਪਤਾ ਲਗੱਾ ਕਿ ਹਜ਼ਰਤ ਮੁਹੀਉੱਦੀਨ ਸਾਹਬ ਅਰਬੀ ਵੀ ਇਕ ਬਹੁਤ ਵੱਡੇ ਬਜ਼ੁਰਗ ਹੋਏ ਹਨ ਤਾਂ ਮੈਂ ਸਮਝਿਆ ਕਿ ਮੁਹੀਉੱਦੀਨ ਤੋਂ ਭਾਵ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਹਨ ਜਿੰਨ੍ਹਾ ਨੇ ਧਰਮ ਨੂੰ ਜੀਉਂਦਾ ਕੀਤਾ ਅਤੇ ਮੁਈਨੁੱਦੀਨ ਤੋਂ ਭਾਵ ਮੈਂ ਹਾਂ ਜਿਸ ਨੇ ਧਰਮ ਦੀ ਸੁਰੱਖਿਆ ਕੀਤੀ । ਸੋ, ਧਰਮ ਨੂੰ ਜੀਉਂਦਾ ਕਰਨ ਵਾਲੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਹਨ ਅਤੇ ਧਰਮ ਦੀ ਸਹਾਇਤਾ ਤੇ ਸੁਰੱਖਿਆ ਕਰਨ ਵਾਲਾ ਮੈਂ ਹਾਂ ।

ਫਿਰ ਆਪ ਫ਼ਰਮਾਉਂਦੇ ਹਨ ਕਿ ਤੀਜਾ ਇਲਹਾਮ ਜੋ ਮੈਂਨੂੰ ਇਸੇ ਰੰਗ ਵਿੱਚ ਹੋਇਆ ਪਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਵਫ਼ਾਤ ਦੇ ਬਾਦ । ਉਹ ਇਹ ਹੈ ਕਿ (اِعۡمَلُوۡۤا اٰلَ دَاوٗدَ شُکۡرًا) 'ਇਆਮਾਲੂ ਆਲਾ ਦਾਊਦਾ ਸ਼ੁਕਰਨ' ਕਿ ਆਲੇ ਦਾਊਦ ਤੁਸੀਂ ਰੱਬ ਦੇ ਸ਼ੁਕਰ ਨਾਲ ਇਸ ਆਦੇਸ਼ ਉਪੱਰ ਅਮਲ ਕਰੋ । ਇਸ ਇਲਹਾਮ ਰਾਹੀਂ 'ਇਆਮਾਲੂ' ਕਹਿ ਕੇ ਰੱਬ ਨੇ ਆਪਣੀ ਇਛੱਾ ਉਪੱਰ ਪੂਰੀ ਤਰ੍ਹਾਂ ਅਮਲ ਕਰਨ ਦਾ ਆਦੇਸ਼ ਦਿੱਤਾ ਹੈ ਅਤੇ ਆਲੇ ਦਾਊਦ ਕਹਿ ਕੇ ਰੱਬ ਨੇ ਮੈਂਨੂੰ ਹਜ਼ਰਤ ਸੁਲੈਮਾਨ ਅਲੈਹਿ ਸਲਾਮ ਨਾਲ ਤੁਲਨਾ ਦਿੱਤੀ ਹੈ । ਹਜ਼ਰਤ ਸੁਲੈਮਾਨ ਅਲੈਹਿ ਸਲਾਮ ਹਜ਼ਰਤ

ਦਾਊਦ ਅਲੈਹਿ ਸਲਾਮ ਦੇ ਬਾਦ ਖ਼ਲੀਫ਼ਾ ਹੋਏ ਸਨ ਅਤੇ ਉਹਨਾਂ ਦੇ ਪੁਤੱਰ ਵੀ ਸਨ । ਆਪ ਫ਼ਰਮਾਉਂਦੇ ਹਨ ਮੈਂਨੂੰ ਚੇਤੇ ਹੈ, ਜੱਦ ਮੈਂ ਆਪਣੇ ਹਾਣੀਆਂ ਨਾਲ ਸੈਰ ਵਿੱਚ ਇਸ ਗੱਲ ਦੀ ਚਰਚਾ ਕਰ ਰਿਹਾ ਸੀ ਤਾਂ ਅਚਨਚੇਤ ਮੇਰੀ ਸੋਚ ਵਿੱਚ ਆਪ ਦੀ ਵਫ਼ਾਤ ਦਾ ਵਿਚਾਰ ਲੰਘ ਗਿਆ ਅਤੇ ਮੈਂਨੂੰ ਜੋਸ਼ ਪੈਦਾ ਹੋਇਆ ਕਿ ਮੈਂ ਦੌੜ ਕੇ ਜਾਵਾਂ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਇਸ ਦਾ ਵਰਨਣ ਕਰਾਂ ।

ਫਿਰ ਆਪ ਫ਼ਰਮਾਉਂਦੇ ਹਨ ਕਿ ਚੋਥੀ ਗਵਾਹੀ ਇਸ ਰੋਯਾ (ਸੁਫ਼ਨੇ) ਦੀ ਤਸਦੀਕ ਦੀ ਇਹ ਮੇਰਾ ਕਸ਼ਫ਼ (ਸੁਪਨਾ) ਹੈ ਕਿ ਮੈਂ ਦੇਖਿਆ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਬੈ-ਤੁਦੁੱਆ ਵਿੱਚ ਬੈਠਾ ਦੁਆ ਕਰ ਰਿਹਾ ਹਾਂ ਕਿ ਅਚਾਨਕ ਮੇਰੇ ਉਪੱਰ ਪ੍ਰਕਟ ਕੀਤਾ ਗਿਆ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਹਜ਼ਰਤ ਇਬਰਾਹੀਮ ਹਨ । ਫਿਰ ਰੱਬ ਵੱਲੋਂ ਮੇਰੇ ਉਪੱਰ ਪ੍ਰਕਟ ਕੀਤਾ ਗਿਆ ਕਿ ਇਸ ਇਸ ਉਮੱਤ ਵਿੱਚ ਹੋਰ ਵੀ ਕਈ ਇਬਰਾਹੀਮ ਹੋਏ ਹਨ । ਮੈਂਨੂੰ ਦੱਸਿਆ ਕਿ ਹਜ਼ਰਤ ਖ਼ਲੀਫ਼ਾ ਅਵੱਲ ਇਬਰਾਹੀਮ ਅਧਮ ਹਨ ਫਿਰ ਮੈਂਨੂੰ ਦੱਸਿਆ ਗਿਆ ਕਿ ਇਕ ਇਬਰਾਹੀਮ ਤੁਸੀਂ ਵੀ ਹੋ ।

ਫਿਰ ਫ਼ਰਮਾਉਂਦੇ ਹਨ ਕਿ ਪੰਜਵੀਂ ਗਵਾਹੀ ਜੋ ਇਸ ਬਾਰੇ ਰੱਬ ਵੱਲੋਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਵਫ਼ਾਤ ਦੇ ਨੇੜੇ ਮੈਂਨੂੰ ਮਿਲੀ ਇਹ ਹੈ ਕਿ ਮੈਂ ਇਕ ਵਾਰ ਰੋਯਾ ਵਿੱਚ ਦੇਖਿਆ ਕਿ ਇਕ ਘੰਟੀ ਵੱਜੀ ਹੈ ਅਤੇ ਉਸ ਦੀ ਅਵਾਜ਼ ਅਜਿਹੀ ਹੈ ਜਿਵੇਂ ਕੋਈ ਪਿਤੱਲ ਦਾ ਕਟੋਰਾ ਹੋਵੇ ਅਤੇ ਉਸ ਨੂੰ ਕਿਸੇ ਚੀਜ਼ ਨਾਲ ਠਕੋਰੀਏ ਤਾਂ ਉਸ ਵਿੱਚੋਂ ਟਨ ਕਰਕੇ ਅਵਾਜ਼ ਪੈਦਾ ਹੁੰਦੀ ਹੈ । ਇਸ ਘੰਟੀ ਵਿੱਚੋਂ ਵੀ ਟਨ ਦੀ ਅਵਾਜ਼ ਆਈ ਪਰ ਉਹ ਆਵਾਜ਼ ਅਜਿਹੀ ਸੁਰੀਲੀ ਤੇ ਆਨੰਦਮਈ ਸੀ ਕਿ ਇਉਂ ਮਾਲੂਮ ਹੁੰਦਾ ਹੈ ਕਿ ਸਾਰੇ ਜਹਾਨ ਦੀ ਮੋਸੀਕੀ ਦਾ ਆਨੰਦ ਉਸ ਵਿੱਚ ਭਰ ਦਿੱਤਾ ਗਿਆ ਹੈ । ਇਹ ਅਵਾਜ਼ ਵਧੱਦੀ ਗਈ ਵਧੱਦੀ ਗਈ, ਏਥੋਂ ਤੱਕ ਕਿ ਸਾਰੇ ਵਿੱਚ ਇਕ ਰੂਪ ਹੋਕੇ ਇਕ ਫ਼ਰੇਮ ਬਣ ਗਈ । ਫਿਰ ਮੈਂ ਦੇਖਿਆ ਕਿ ਇਸ ਫ਼ਰੇਮ ਵਿੱਚ ਇਕ ਤਸਵੀਰ ਪ੍ਰਕਟ ਹੁੰਦੀ ਹੈ ਜੋ ਅਤਿਅੰਤ ਹੀ ਸੋਹਣੀ ਤੇ ਸੁੰਦਰ ਵਿਕਅਤੀਤਵ ਦੀ ਹੈ । ਫਿਰ ਉਹ ਫ਼ੋਟੋ ਹਿਲੱਣੀ ਸ਼ੁਰੂ ਹੋਈ ਅਤੇ ਥੋੜੀ ਦੇਰ ਬਾਦ ਅਚਾਨਕ ਉਸ ਵਿੱਚੋਂ ਛਾਲ ਮਾਰਕੇ ਇਕ ਵਜੂਦ ਮੇਰੇ ਸਾਹਮਣੇ ਆ ਗਿਆ ਜਿਸ ਬਾਰੇ ਮੈਂ ਸਮਝਦਾ ਹਾਂ ਕਿ ਉਹ ਰੱਬ ਦਾ ਫ਼ਰਿਸ਼ਤਾ ਹੈ ਅਤੇ ਉਸ ਨੇ ਮੈਂਨੂੰ ਕਿਹਾ ਕਿ ਆਓ ਮੈਂ ਤੁਹਾਨੂੰ ਸੂਰਤ ਫ਼ਾਤਿਹਾ ਦਾ ਦਰਸ (ਪਾਠ) ਦਿਆਂ । ਸੋ, ਉਸ ਨੇ ਮੈਂਨੂੰ ਸੂਰਤ ਫ਼ਾਤਿਹਾ ਦਾ ਦਰਸ ਦੇਣਾ ਸ਼ੁਰੂ ਕੀਤਾ, ਏਥੋਂ ਤੱਕ ਕਿ ਉਹ (اِيَّاكَ نَعْبُدُ وَاِيَّاكَ نَسْتَعِيْنُ) 'ਇਯੱਕਾ ਨਾਬੁਦੁ ਵ ਇਯੱਕਾ ਨਸਤਾਈਨ' ਦੀ ਵਿਆਖਿਆ ਸ਼ੁਰੂ ਕਰਨ ਲਗੱਾ ਤਾਂ ਕਹਿਣ ਲਗੱਾ ਕਿ ਅੱਜ ਤੱਕ ਜਿੰਨ੍ਹੇ ਵੀ ਵਿਆਖਿਆਕਾਰ ਹੋਏ ਹਨ ਉਹਨਾਂ ਸਾਰਿਆਂ ਨੇ (مٰلِكِ يَوْمِ الدِّيْنِ) 'ਮਾਲਿਕੇ ਯੌਮਿੱਦੀਨ' ਤੱਕ ਦੀ ਵਿਆਖਿਆ ਲਿਖੀ ਹੈ ਪਰ ਮੈਂ ਤੁਹਾਨੂੰ ਅੱਗੇ ਵੀ ਵਿਆਖਿਆ ਦਸੱਦਾ ਹਾਂ, ਸੋ, ਉਸ ਨੇ ਸਾਰੀ ਸੂਰਤ ਫ਼ਾਤਿਹਾ ਦੀ ਵਿਆਖਿਆ ਮੈਂਨੂੰ ਪੜ੍ਹਾ ਦਿੱਤੀ । ਜੱਦ ਮੇਰੀ ਅੱਖ ਖੁੱਲੀ ਤਾਂ ਰੋਯਾ (ਸੁਫ਼ਨੇ) ਵਿੱਚ ਉਸ ਫ਼ਰਿਸ਼ਤੇ ਨੇ ਜੋ ਗਲੱਾਂ ਮੈਂਨੂੰ ਦੱਸੀਆਂ ਸਨ ਉਹਨਾਂ ਵਿੱਚ ਕੁਝ ਗੱਲਾਂ ਮੈਂਨੂੰ ਚੇਤੇ ਸਨ, ਪਰ ਮੈਂ ਉਹਨਾਂ ਨੂੰ ਨੋਟ ਨਹੀਂ ਕੀਤਾ ਅਤੇ ਬਾਦ ਵਿੱਚ ਮੈਂ ਆਪ ਵੀ ਭੁੱਲ ਗਿਆ । ਜੱਦ ਸਵੇਰੇ ਮੈਂ ਆਪਣੀ ਇਸ ਰੋਯਾ ਦਾ ਵਰਨਣ ਹਜ਼ਰਤ ਖ਼ਲੀਫ਼ਾ ਅਵੱਲ ਨਾਲ ਕੀਤਾ ਅਤੇ ਇਹ ਵੀ ਕਿਹਾ ਕਿ ਸੁਫ਼ਨੇ ਵਿੱਚ ਫ਼ਰਿਸ਼ਤੇ ਨੇ ਜੋ ਗਲੱਾਂ ਮੈਂਨੂੰ ਦੱਸੀਆਂ ਸਨ ਉਹਨਾਂ ਵਿੱਚੋਂ ਕੁਝ ਗੱਲਾਂ ਮੈਂਨੂੰ ਚੇਤੇ ਸਨ, ਪਰ ਸਵੇਰੇ ਉਠੱਣ'ਤੇ ਉਹ ਮੇਰੇ ਦਿਮਾਗ਼ ਵਿੱਚੋਂ ਨਿਕਲ ਗਈਆਂ ਤਾਂ ਹਜ਼ਰਤ ਖ਼ਲੀਫ਼ਾ ਅਵੱਲ ਨਰਾਜ਼ ਹੋਕੇ ਕਹਿਣ ਲੱਗੇ ਕਿ ਤੁਸੀਂ ਐਨ੍ਹਾ ਗਿਆਨ ਨਸ਼ਟ ਕਰ ਦਿੱਤਾ । ਉਹਨਾਂ ਨੂੰ ਨੋਟ ਕਰ ਲੈਂਣਾ ਚਾਹੀਦਾ ਸੀ । ਫ਼ਰਮਾਉਂਦੇ ਹਨ ਕਿ ਪਰ ਉਹ ਦਿਨ ਗਿਆ ਅਤੇ ਅੱਜ ਦਾ ਦਿਨ ਆਇਆ, ਸੂਰਤ ਫ਼ਾਤਿਹਾ ਵਿੱਚੋਂ ਰੱਬ ਹਮੇਸ਼ਾ ਹੀ ਮੈਂਨੂੰ ਨਵੇਂ ਨਵੇਂ ਨੁਕਤੇ ਸਮਝਾਉਂਦਾ ਹੈ

। ਇਸ ਰੋਯਾ (ਸੁਫ਼ਨੇ) ਦਾ ਅਸਲ ਪ੍ਰਤੀਫ਼ਲ ਇਹ ਸੀ ਕਿ ਮੇਰੇ ਅੰਤਰੀਵ ਬੋਧ ਵਿੱਚ ਸੂਰਤ ਫ਼ਾਤਿਹਾ ਦਾ ਵਿਸ਼ੇਸ਼ ਰੂਪ ਵਿੱਚ ਅਤੇ ਕੁਰਆਨ ਕਰੀਮ ਦਾ ਬੋਧ ਸਾਧਾਰਣ ਰੂਪ ਵਿੱਚ ਰੱਖ ਦਿੱਤਾ ਗਿਆ ਹੈ ਜੋ ਸਮੇਂ ਸਮੇਂ ਆਂਤਰਕ ਇਲਹਾਮ ਰਾਹੀਂ ਲੋੜ ਅਨੁੰਸਾਰ ਪ੍ਰਕਟ ਹੁੰਦਾ ਰਹਿੰਦਾ ਹੈ । ਫਿਰ ਆਪ ਨੇ ਇਹ ਵੀ ਫ਼ਰਮਾਇਆ ਕਿ ਜਿਸ ਸਮੇਂ ਜਮਾਤ ਵਿੱਚ ਮਤਿਭੇਦ ਪੈਦਾ ਹੋਇਆ, ਰੱਬ ਨੇ ਮੈਂਨੂੰ ਇਲਹਾਮ ਰਾਹੀ ਦੱਸਿਆ ਕਿ (لَنُمَزِّقَنَّهُمْ) ਲ-ਨੁਮੱਜ਼ਿਕਨੱਾਹੁਮ ਅਸੀਂ ਉਹਨਾਂ ਨੂੰ ਟੋਟੇ ਟੋਟੇ ਕਰ ਦਿਆਂਗੇ । ਉਸ ਸਮੇਂ ਇਹ ਆਪਣੇ ਆਪ ਨੂੰ 95% ਕਿਹਾ ਕਰਦੇ ਸਨ, ਪਰ ਹੁਣ ਉਹਨਾਂ ਦੀ ਕੀ ਅਵਸਥਾ ਹੈ ! ਰੱਬ ਨੇ ਉਹਨਾਂ ਨੂੰ ਇਸ ਪੇਸ਼ਗੋਈ ਅਨੁਸਾਰ ਵਾਸਤਵ ਵਿੱਚ ਟੋਟੇ ਟੋਟੇ ਕਰ ਦਿੱਤਾ ਹੈ । ਸੋ, ਖ਼ਵਾਜਾ ਕਮਾਲੁੱਦੀਨ ਸਾਹਬ ਨੇ ਆਪਣੀ ਮੌਤ ਤੋਂ ਪਹਿਲਾਂ ਲਿੱਖਿਆ ਕਿ ਮਿਰਜ਼ਾ ਮਹਮੂਦ ਨੇ ਸਾਡੇ ਬਾਰੇ ਜੋ ਇਲਹਾਮ ਪ੍ਰਕਾਸ਼ਤ ਕੀਤਾ ਸੀ ਉਹ ਪੂਰਨਤਾ ਪੂਰਾ ਹੋ ਗਿਆ ਹੈ ਅਤੇ ਅਸੀਂ ਵਾਸਤਵ ਵਿੱਚ ਟੋਟੇ ਟੋਟੇ ਹੋ ਗਏ ਹਾਂ ।

ਫਿਰ ਆਪ ਫ਼ਰਮਾਉਂਦੇ ਹਨ ਕਿ ਰੱਬ ਨੇ ਕਈ ਵਾਰ ਮੇਰੇ ਉਪੱਰ ਆਪਣੇ ਗ਼ੈਬ ਨੂੰ ਪ੍ਰਕਟ ਕਰਕੇ ਇਸ ਪੇਸ਼ਗੋਈ ਨੂੰ ਸਚੱਾ ਕਰ ਦਿੱਤਾ ਹੈ ਕਿ ਮੁਸਲਿਹ ਮੌਊਦ ਰੱਬ ਦੀ ਰੂਹੇ ਹੱਕ (ਸਚੱਾਈ ਦੀ ਆਤਮਾ) ਨਾਲ ਸਨਮਾਨਤ ਹੋਵੇਗਾ ਇਹ ਰੱਬ ਦੇ ਨਿਸ਼ਾਨ ਹਨ, ਜੋ ਉਸ ਨੇ ਮੇਰੇ ਰਾਹੀਂ ਪ੍ਰਕਟ ਕੀਤੇ ਹਨ । ਹਜ਼ੂਰ ਨੇ ਫ਼ਰਮਾਇਆ ਕਿ ਪੇਸ਼ਗੋਈ ਦੀ ਤਾਂ ਲੰਮੀ ਵਿਆਖਿਆ ਹੈ ਅਤੇ ਭਵਿੱਖ ਵਿੱਚ ਆਉਣ ਵਾਲੇ ਦਿਨਾਂ ਵਿੱਚ ਜਮਾਤਾਂ ਵਿੱਚ ਇਸ ਪੇਸ਼ਗੋਈ ਦੇ ਹਵਾਲੇ ਨਾਲ ਜਲਸੇ ਵੀ ਹੋਣ ਗੇ । ਐਮ. ਟੀ. ਏ. ਉਪੱਰ ਵੀ ਪ੍ਰੋਗਰਾਮ ਆ ਰਹੇ ਹਨ । ਜਮਾਤ ਦੇ ਲੋਕਾਂ ਨੂੰ ਇਹਨਾ ਤੋਂ ਵੱਧ ਵੱਧ ਲਾਭ ਉਠਾਉਂਣਾ ਚਾਹੀਦਾ ਹੈ, ਜੋ ਇਸ ਪੇਸ਼ਗੋਈ ਦੀ ਡੂੰਗਿਆਈ ਨਾਲ ਜਾਣਕਾਰੀ ਹੋਵੇ । ਇਸ ਪੇਸ਼ਗੋਈ ਵਿੱਚ ਅਸੰਖ ਨਿਸ਼ਾਨ ਹਨ ਜੋ ਬਹੁਤ ਸ਼ਾਨ ਨਾਲ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਵਿੱਚ ਪੂਰੇ ਹੋਏ ਹਨ ।

**Khulasa Khutba Jumma 10.02.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131